THE PUNJAB STATE BOARD OF TECHNICAL EDUCATION AND INDUSTRIAL TRAINING
Plot No. 1-A, Sec. 36-A, Chandigarh Ph.: 0172-2615385 Fax: 2664333 e-mail: ceitipb@gmail.com

282

ਨੰ: ਪੀ.ਐਸ.ਬੀ.ਟੀ/ਆਈ.ਟੀ.ਆਈ/2015

ਮਿਤੀ:

ਸੇਵਾ ਵਿਖੇ

ਪ੍ਰਿਸੀਪਲ ,
ਸਮੂਹ ਪ੍ਰਾਈਵੇਟ/ਸਰਕਾਰੀ ਆਈ.ਟੀ.ਆਈ/ਇ:,
ਪੰਜਾਬ ਰਾਜ ਅਧੀਨ ।

ਡਾਇਰੀ ਨੰ: 1175
ਮਿਤੀ 15/9/15

ਵਿਸ਼ਾ– **E-National Trade Certificate (NTC) through NCVT – MIS portal ਰਾਹੀਂ ਜਾਰੀ ਕਰਨ ਸੰਬੰਧੀ।**

ਹਵਾਲਾ– MSDE No. 18012/9/2009-TTC (Pt.) dated 08th September 2015.

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਦੱਸਿਆ ਜਾਂਦਾ ਹੈ ਕਿ ਹਵਾਲਾ ਅਧੀਨ ਪੱਤਰ ਰਾਹੀਂ ਡੀ.ਜੀ.ਈ.ਟੀ. ਨਵੀਂ ਦਿੱਲੀ ਵੱਲੋਂ ਵਿਸ਼ਾ ਸੰਬੰਧੀ ਜ਼ਰੂਰੀ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ ਜੋ ਕਿ ਬੋਰਡ ਦੀ ਵੈਬ ਸਾਈਟ (www.punjabteched.com) ਤੇ ਪਾ ਦਿੱਤੀਆਂ ਗਈਆਂ ਹਨ।

ਇਸ ਪੱਤਰ ਰਾਹੀਂ ਆਪ ਜੀ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਡੀ.ਜੀ.ਟੀ. ਨਵੀਂ ਦਿੱਲੀ ਵੱਲੋਂ ਜਾਰੀ ਨਵੀਆਂ ਹਦਾਇਤਾਂ ਅਨੁਸਾਰ ਪਹਿਲਾਂ ਭੇਜੇ ਗਏ ਡਾਟਾ ਨੂੰ ਦਰੁੱਸਤ ਕਰਕੇ ਨਿਰਧਾਰਤ ਫਾਰਮੇਟ "A" and "B" (Excel file) ਉੱਤੇ ਮੁੜ ਤੋਂ ਮਿਤੀ 30.09.2015 ਤੱਕ ਬੋਰਡ ਦਫਤਰ ਵਿਖੇ ਜਮਾਂ ਕਰਵਾ ਦਿੱਤਾ ਜਾਵੇ ਜੀ। ਉਪਰੋਕਤ ਤੋਂ ਇਲਾਵਾ ਨੱਥੀ ਅੰਡਰਟੇਕਿੰਗ ਅਤੇ ਪ੍ਰੋਫਾਰਮਾ ਐਕਸਲ ਫਾਰਮੇਟ "A" and "B" ਵੀ ਬਣਾ ਕੇ ਸੀ.ਡੀ. ਵਿੱਚ (ਸਾਫਟ ਕਾਪੀ) ਅਤੇ ਪ੍ਰਿੰਟ ਕਰਕੇ ਪ੍ਰਿੰਸੀਪਲ ਦੇ ਹਸਤਾਖਰਾਂ ਹੇਠ ਸਟੈਂਪ (ਹਰੇਕ ਪੇਜ ਉੱਤੇ) ਲਗਾ ਕੇ ਭੇਜਣਾ ਯਕੀਨੀ ਬਣਾਇਆ ਜਾਵੇ।

ਇਸ ਤੋਂ ਇਲਾਵਾ ਦੱਸਿਆ ਜਾਂਦਾ ਹੈ ਕਿ ਜੇਕਰ ਕੋਈ ਸੰਸਥਾ ਨਿਯਤ ਮਿਤੀ ਤੋਂ ਬਾਅਦ ਸਿਖਿਆਰਥੀਆਂ ਦਾ ਡਾਟਾ ਬੋਰਡ ਦਫਤਰ ਵਿਖੇ ਜਮਾਂ ਕਰਵਾਉਂਦੀ ਹੈ ਤਾਂ ਇਹ ਡਾਟਾ ਅਗਲੇ ਪੜਾਅ ਵਿੱਚ ਡੀ.ਜੀ.ਟੀ., ਨਵੀਂ ਦਿੱਲੀ ਵਿਖੇ ਸਰਟੀਫਿਕੇਟ ਪ੍ਰਿੰਟ ਕਰਨ ਲਈ ਭੇਜਿਆ ਜਾਵੇਗਾ ਅਤੇ ਸਿਖਿਆਰਥੀਆਂ ਦੇ ਸਰਟੀਫਿਕੇਟ ਦੇਰੀ ਨਾਲ ਮਿਲਣ ਦੀ ਪੂਰਨ ਤੌਰ ਤੇ ਜਿੰਮੇਵਾਰੀ ਸੰਸਥਾ ਦੇ ਪ੍ਰਿੰਸੀਪਲ ਦੀ ਹੋਵੇਗੀ। ਕਿਉਂ ਜੋ ਡੀ.ਜੀ.ਟੀ. ਨਵੀਂ ਦਿੱਲੀ ਵਿਖੇ ਐਨ.ਟੀ.ਸੀ. ਸੰਬੰਧੀ ਡਾਟਾ bi-anuallly ਭੇਜਿਆ ਜਾਂਦਾ ਹੈ, ਇਸ ਲਈ ਸਿਖਿਆਰਥੀਆਂ ਦੇ ਭਵਿੱਖ ਨੂੰ ਧਿਆਨ ਵਿੱਚ ਰੱਖਦੇ ਹੋਏ ਸੰਸਥਾ ਵੱਲੋਂ ਡਾਟਾ ਸਮੇਂ ਸਿਰ ਜਮਾਂ ਕਰਵਾਉਣਾ ਯਕੀਨੀ ਬਣਾਇਆ ਜਾਵੇ।

ਇਸ ਦੇ ਨਾਲ ਸੰਸਥਾਵਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਸਿਖਿਆਰਥੀਆਂ ਦਾ ਡਾਟਾ ਨਿਯਤ ਮਿਤੀ ਉੱਤੇ ਨਾ ਭੇਜਣ ਜਾਂ ਫਿਰ ਭੇਜੇ ਹੋਏ ਡਾਟੇ ਵਿੱਚ ਕੋਈ ਗਲਤੀ ਹੁੰਦੀ ਹੈ ਅਤੇ ਸਿਖਿਆਰਥੀਆਂ ਦੇ ਸਰਟੀਫਿਕੇਟ ਲੇਟ ਪਹੁੰਚਦੇ ਹਨ, ਇਸ ਸੰਬੰਧ ਵਿੱਚ ਜੇ ਕੋਈ ਲੀਗਲ ਕਾਰਵਾਈ ਹੁੰਦੀ ਹੈ ਤਾਂ ਸੰਸਥਾਵਾਂ ਦੇ ਪ੍ਰਿੰਸੀਪਲਾਂ ਦੀ ਪੂਰਨ ਰੂਪ ਵਿੱਚ ਜਿੰਮੇਵਾਰੀ ਹੋਵੇਗੀ।

Sd

ਕੰਟਰੋਲਰ ਪ੍ਰੀਖਿਆਵਾਂ (ਆਈ.ਟੀ.ਆਈ.)

ਨੰ: ਪੀ.ਐਸ.ਬੀ.ਟੀ/ਆਈ.ਟੀ.ਆਈ/2015 2897 ਮਿਤੀ: 11/9/15

ਉਪਰੋਕਤ ਦਾ ਉਤਾਰਾ ਡਾਇਰੈਕਟਰ, ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ ਚੰਡੀਗੜ੍ਹ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਕੰਟਰੋਲਰ ਪ੍ਰੀਖਿਆਵਾਂ (ਆਈ.ਟੀ.ਆਈ.)

ਨੱਥੀ - ਹਵਾਲਾ ਅਧੀਨ ਪੱਤਰ ਅਤੇ ਪ੍ਰਫਾਰਮਾ "A" and "B", undertaking and performa

ਪਿੱਠ ਅੰਕਣ ਨੰ:ਆਈਟੀ/ਟ੍ਰੇ-2/ਪ੍ਰੀਖਿਆ/2015/6310-6688 ਮਿਤੀ: 5/10/15

ਉਪਰੋਕਤ ਦਾ ਉਤਾਰਾ ਸਾਰੀਆਂ ਸਰਕਾਰੀ ਤੇ ਪ੍ਰਾਈਵੇਟ ਉਦਯੋਗਿਕ ਸਿਖਲਾਈ ਸਸੰਥਾਵਾਂ ਨੂੰ ਭੇਜਦੇ ਹੋਏ ਸੂਚਿਤ ਕੀਤਾ ਜਾਂਦਾ ਹੈ ਕਿ ਬੋਰਡ ਦਫਤਰ ਵਲੋਂ ਹਵਾਲਾ ਅਧੀਨ ਪੱਤਰ ਦੇ ਸਬੰਧ ਦਰਸਾਏ ਅਨੁਸਾਰ ਨਿਰਧਾਰਤ ਸਮੇਂ ਦੇ ਅੰਦਰ ਅੰਦਰ ਲੋੜੀਂਦੀ ਕਾਰਵਾਈ ਕਰਨੀ ਯਕੀਨੀ ਬਣਾਈ ਜਾਵੇ ਤਾਂ ਜੋ ਬਾਦ ਵਿਚ ਕਿਸੇ ਕਿਸਮ ਦੀ ਕਾਨੂੰਨੀ ਅੜਚਨ ਦਾ ਸਾਮਹਣਾ ਨਾ ਕਰਨਾ ਪਵੇ।

ਉਪ ਡਾਇਰੈਕਟਰ (ਟ੍ਰੇਨਿੰਗ-2)